ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ਼, ਪਟਿਆਲਾ

ਵੱਲ :

ਵੱਣਜ਼ ਗਸਤੀ ਪੱਤਰ ਨੰ: 38/2011

ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ (ਵੰਡ)
ਅਧੀਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ। 2 ਕਾਪੀਆਂ

ਮੀਮੋ ਨੰ:24078/82 ਐਸਐਸਐਮ-414/ਟਿਊਬਵੈਲ-ਪਾਲਿਸੀ (11-12)
ਮਿਤੀ : 26.9.11

**ਵਿਸ਼ਾ : ਸਾਲ 2011-2012 ਦੌਰਾਨ ਪੰਜਾਬ ਰਾਜ ਵਿਚ ਖੇਤੀਬਾੜੀ ਖਪਤਕਾਰਾਂ ਨੂੰ ਟਿਊਬਵੈਲ ਕੁਨੈਕਸ਼ਨ ਜਾਰੀ ਕਰਨ ਸਬੰਧੀ।**

ਵਿਸ਼ੇ ਸਬੰਧੀ ਪੰਜਾਬ ਸਰਕਾਰ ਦੁਆਰਾ ਪ੍ਰਵਾਨਿਤ ਟਿਊਬਵੈਲ ਪਾਲਿਸੀ/ਗਾਈਡ ਲਾਈਨਜ ਦੇ ਮੱਦੇਨਜਰ ਵਣਜ ਗਸ਼ਤੀ ਪੱਤਰ ਨੰ: 34/2011 ਮਿਤੀ 26-07-2011 ਰਾਹੀਂ ਵੱਖ-ਵੱਖ ਸ੍ਰੇਣੀਆਂ ਅਧੀਨ ਟਿਊਬਵੈਲ ਕੁਨੈਕਸਨ ਜਾਰੀ ਕਰਨ ਸਬੰਧੀ ਵਿਸਥਾਰ ਪੂਰਵਕ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਹਨਾਂ ਹਦਾਇਤਾਂ ਤੇ ਪੈਰਾ-2 (IV) ਅਨੁਸਾਰ Punjab Water Resources Management & Development Corporation Limited T/W Connection ਲਈ ਪਹਿਲਤਾ ਅਤੇ Land Owners/ Oustees whose lands are acquired by the Govt. of Punjab ਦੀ ਪਹਿਲਤਾ ਅਧੀਨ ਟਿਊਬਵੈੱਲ ਕੁਨੈਕਸ਼ਨ ਜਾਰੀ ਕਰਨ ਲਈ ਮੰਗ ਪੱਤਰ ਜਾਰੀ ਕਰਨ ਲਈ ਅਰਜੀ ਦੀ ਕੱਟ ਆਫ ਡੇਟ 31-12-2010 ਦਰਸਾਈ ਗਈ ਹੈ।

I) **<u>Punjab Water Resources Management & Development Corporation Limited T/W Connection Priority</u>**

ਪੰਜਾਬ ਰਾਜ ਵਿਚ ਖਾਸ ਕਰਕੇ ਕੰਢੀ ਏਰੀਏ ਵਿਚ ਛੋਟੇ ਅਤੇ ਮਾਰਜਨਲ ਕਿਸਾਨਾਂ, ਜਿਨ੍ਹਾਂ ਕੋਲ ਸਰਕਾਰੀ ਡੂੰਘੇ ਟਿਊਬਵੈੱਲਾਂ ਤੋ ਬਿਨਾ ਸਿੰਚਾਈ ਦਾ ਹੋਰ ਕੋਈ ਸਾਧਨ ਨਹੀਂ, ਲਈ PWRM&DC Ltd ਵੱਲੋ ਡੂੰਘੇ ਟਿਊਬਵੈੱਲ ਲਗਾਏ ਜਾ ਰਹੇ ਹਨ । ਅਜਿਹੇ ਟਿਊਬਵੈੱਲਾਂ ਦੇ ਬਿਜਲੀ ਦੇ ਕੁਨੈਕਸ਼ਨਾਂ ਨੂੰ ਓਵਰ ਰਾਈਡਿੰਗ ਪਹਿਲਤਾ ਦਿੰਦੇ ਹੋਏ ਪੈਰ੍ਹਾ-2 (I) ਅਧੀਨ ਲਿਆਉਣ ਸੰਬੰਧੀ ਮਾਮਲਾ ਵਿਚਾਰਿਆ ਗਿਆ ਅਤੇ Punjab Water Resources Management & Development Corporation Limited ਵੱਲੋ ਲਗਾਏ ਜਾ ਰਹੇ ਟਿਊਬਵੈੱਲ ਕੁਨੈਕਸ਼ਨਾਂ ਨੂੰ ਪਹਿਲ ਦੇ ਆਧਾਰ ਤੇ ਜਾਰੀ ਕਰਨ ਲਈ ਮੰਗ ਪੱਤਰ ਜਾਰੀ ਕਰਨ ਲਈ ਅਰਜੀ ਦੀ ਕੱਟ-ਆਫ-ਡੇਟ 31-12-2010 ਦੀ ਬਜਾਏ ਅੱਪ ਟੂ ਡੇਟ ਕਰਨ ਦਾ ਫੈਸਲਾ ਕੀਤਾ ਗਿਆ ਹੈ।

ii) **<u>Priority to Land Owners/ Oustees whose lands are acquired by the Govt. of Punjab</u>**

ਕਿਸਾਨਾ/ਜਮੀਨ ਦੇ ਮਾਲਕਾਂ ਜਿਨ੍ਹਾਂ ਦੀ ਜਮੀਨ ਪੰਜਾਬ ਸਰਕਾਰ ਵੱਲੋਂ ਐਕੁਆਇਰ ਕੀਤੀ ਜਾਂਦੀ ਹੈ, ਨੂੰ ਪਹਿਲ ਦੇ ਆਧਾਰ ਤੇ ਟਿਊਬੈੱਲ ਕੁਨੈਕਸ਼ਨ ਜਾਰੀ ਕਰਨ ਲਈ ਵਣਜ ਗਸ਼ਤੀ ਪੱਤਰ ਨੰ:34/2011 ਮਿਤੀ:26-07-2011 ਦੇ ਪੈਰ੍ਹਾ-2 (iv) ਵਿਚ ਸੋਧ ਕਰਕੇ ਇਸ ਨੂੰ ਓਵਰ ਰਾਈਡਿੰਗ ਪਹਿਲਤਾ ਦਿੰਦੇ ਹੋਏ ਪੈਰ੍ਹਾ-2 (I) ਅਧੀਨ ਲਿਆਉਣ ਸੰਬੰਧੀ ਮਾਮਲਾ ਵਿਚਾਰਿਆ ਗਿਆ ਅਤੇ ਇਸ ਪਹਿਲਤਾ ਅਧੀਨ ਲੰਬਿਤ ਪਏ ਟਿਊਬਵੈੱਲ ਕੁਨੈਕਸ਼ਨਾਂ ਨੂੰ ਛੇਤੀ ਜਾਰੀ ਕਰਨ

ਲਈ ਅਰਜੀ ਦੀ ਕੱਟ-ਆਫ-ਡੇਟ 31-12-2010 ਦੀ ਬਜਾਏ ਅੱਪ ਟੂ ਡੇਟ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਇਸ ਤੋਂ ਇਲਾਵਾ ਮੌਜੂਦਾ ਪ੍ਰੈਕਟਿਸ ਅਨੁਸਾਰ ਅਜਿਹੇ ਬਿਨੈਕਾਰ ਜੋ ਇਕੁਵਾਇਰ ਹੋਈ ਜਮੀਨ ਦੇ ਇਵਜ ਵਜੋਂ ਜਿੱਥੇ ਜਮੀਨ ਖਰੀਦਦੇ ਹਨ, ਉਸ ਏਰੀਏ ਦੇ ਉੱਪ ਮੰਡਲ ਦਫਤਰ ਵਿਖੇ ਹੀ ਟਿਊਬਵੈੱਲ ਕੁਨੈਕਸ਼ਨ ਦੀ ਪਹਿਲਤਾ ਲਈ ਅਪਲਾਈ ਕਰਦੇ ਹਨ। ਅਜਿਹੇ ਬਿਨੈਕਾਰ ਐਕੁਵਾਇਰ ਹੋਈ ਜਮੀਨ ਦੇ ਇਵਜ ਵਜੋਂ ਰਾਜ ਦੇ ਵੱਖ ਵੱਖ ਹਿੱਸਿਆਂ ਵਿਚ ਜਮੀਨ ਖਰੀਦ ਕੇ ਇਸ ਪਹਿਲਤਾ ਅਧੀਨ ਇੱਕ ਤੋਂ ਵੱਧ ਟਿਊਬਵੈੱਲ ਕੁਨੈਕਸ਼ਨ ਦੀ ਪਹਿਲਤਾ ਲੈ ਸਕਦੇ ਹਨ, ਇਸ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਅਜਿਹੇ ਬਿਨੈਕਾਰ ਜਿਨ੍ਹਾਂ ਦੀ ਜਮੀਨ ਪੰਜਾਬ ਸਰਕਾਰ ਵੱਲੋਂ ਐਕੁਵਾਇਰ ਕੀਤੀ ਜਾਂਦੀ ਹੈ, ਉਹ PSPCL ਦੇ ਉਸੇ ਉਪ ਮੰਡਲ ਦਫਤਰ ਵਿਖੇ ਟਿਊਬਵੈੱਲ ਕੁਨੈਕਸ਼ਨ ਦੀ ਪਹਿਲਤਾ ਲੈਣ ਲਈ ਅਪਲਾਈ ਕਰਨਗੇ ਜਿਸ ਉਪ ਮੰਡਲ ਦੀ Jurisdiction ਵਿਚ ਉਨ੍ਹਾਂ ਦੀ ਐਕੁਵਾਇਰ ਹੋਈ ਜਮੀਨ ਪੈਂਦੀ ਹੈ।

---

ਵਣਜ ਗਸ਼ਤੀ ਪੱਤਰ ਨੰ: 34/2011 ਮਿਤੀ 26-07-2011 ਰਾਹੀਂ ਜਾਰੀ ਹਦਾਇਤਾਂ ਵਿਚ ਉਪਰੋਕਤ ਅਨੁਸਾਰ ਸੋਧ ਕੀਤੀ ਜਾਂਦੀ ਹੈ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ੍ਹ ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ

ਉਪ ਮੁੱਖ ਇੰਜੀਨੀਅਰ/ਵਿਕਰੀ-1,
ਵਾ: ਮੁੱਖ ਇੰਜੀਨੀਅਰ/ਵਣਜ,
ਪੰ:ਰਾ:ਪਾ:ਕਾ:ਲਿ:,ਪਟਿਆਲਾ ।

ਪਿੱਠ ਅੰਕਣ 24083/96 /ਐਸਐਸਐਮ-414/ਟਿਊਬਵੈਲ-ਪਾਲਿਸੀ ਮਿਤੀ 26.9.11

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ,ਪੰ:ਰਾ:ਪਾ:ਕਾ:ਲਿਮਟਿਡ, ਪਟਿਆਲਾ।
2) ਸਾਰੇ ਨਿਰਦੇਸ਼ਕ,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ।
3) ਵਿੱਤ ਕਮਿਸ਼ਨਰ/ ਫਾਇਨਾਸ਼ ਟੂ ਗੋਰਮਿੰਟ ਪੰਜਾਬ ਐਕਸ-ਆਫੀਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ।
4) ਸਕੱਤਰ/ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ ।
5) ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ਼ ਵਿਭਾਗ, ਪੰਜਾਬ ਸਰਕਾਰ,ਚੰਡੀਗੜ ।
6) ਪ੍ਰੈਜੀਡੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ:3009-10, ਸੈਕਟਰ-22, ਚੰਡੀਗੜ੍ਹ।
7) ਮੁੱਖ ਇੰਜਨੀਅਰ/ਚੇਅਰਮੈਨ (ਫੋਰਮ),ਪੀ-1,ਵਾਈਟ ਹਾਊਸ ਰਾਜਪੁਰਾ ਕਲੋਨੀ, ਪਟਿਆਲਾ।
8) ਸਕੱਤਰ/ਪੰਜਾਬ ਰਾਜ ਬਿਜਲੀ ਰੈਗੁਲੇਟਰੀ ਕਮਿਸ਼ਨ,ਐਸ.ਸੀ.ਓ.ਨੰ:220-221, ਸੈਕਟਰ-34 ਏ.ਚੰਡੀਗੜ੍ਹ।
9) Ombudsman, Electricity Punjab 66 KV Grid Sub-Station, Plot No.A-2, Industrial Area, Phase-1, SAS Nagar (Mohali)-160055.
10) ਨਿੱਜੀ ਸਕੱਤਰ ਟੂ ਬਿਜਲੀ ਮੰਤਰੀ ,ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
11) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
12) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡਸਟ੍ਰੀਜ਼, ਪੰਜਾਬ ਸੈਕਟਰ-17, ਚੰਡੀਗੜ੍ਹ।
13) ਨਿਗਰਾਨ ਇੰਜ:/ਆਈ.ਟੀ.,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।
14) Dy.CE/Sales-I, Dy.CE/Sales-II & Dy.CE/Billing,PSPCl,Patiala.

ਵਧੀਕ ਨਿਗ:ਇੰਜ:/ਵਿਕਰੀ-2,
ਵਾਸਤੇ ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।